# Visit of Foreign Secretary Shri Vinay Kwatra to Nepal (February 13-14, 2023)

February 10, 2023

.....................

## ਵਿਦੇਸ਼ ਸਕੱਤਰ ਸ਼੍ਰੀ ਵਿਨੈ ਕਵਾਤਰਾ ਵੱਲੋਂ ਨੇਪਾਲ ਦਾ ਦੌਰਾ (13-14 ਫਰਵਰੀ, 2023)

**10 ਫਰਵਰੀ, 2023**

1. ਵਿਦੇਸ਼ ਸਕੱਤਰ ਸ਼੍ਰੀ ਵਿਨੈ ਕਵਾਤਰਾ ਨੇਪਾਲ ਦੇ ਵਿਦੇਸ਼ ਸਕੱਤਰ ਸ਼੍ਰੀਮਾਨ ਭਰਤ ਰਾਜ ਪੌਦਿਆਲ ਦੇ ਸੱਦੇ 'ਤੇ 13-14 ਫਰਵਰੀ, 2023 ਤੱਕ ਨੇਪਾਲ ਦੇ ਅਧਿਕਾਰਤ ਦੌਰੇ 'ਤੇ ਹੋਣਗੇ।ਅਹੁਦਾ ਸੰਭਾਲਣ ਤੋਂ ਬਾਅਦ ਵਿਦੇਸ਼ ਸਕੱਤਰ ਵੱਲੋਂ ਨੇਪਾਲ ਦੀ ਇਹ ਪਹਿਲੀ ਯਾਤਰਾ ਹੋਵੇਗੀ।

2. ਇਹ ਦੌਰਾ ਦੋਹਾਂ ਦੇਸ਼ਾਂ ਦਰਮਿਆਨ ਬਾਕਾਇਦਾ ਉੱਚ-ਪੱਧਰੀ ਵਟਾਂਦਰੇ ਦੀ ਰਿਵਾਇਤ ਅਤੇ ਭਾਰਤ ਵੱਲੋਂ ਆਪਣੀ 'ਗੁਆਂਢੀ ਪਹਿਲਾਂ' ਨੀਤੀ ਦੇ ਤਹਿਤ ਨੇਪਾਲ ਨਾਲ ਆਪਣੇ ਸਬੰਧਾਂ ਨੂੰ ਦਿੱਤੀ ਜਾਣ ਵਾਲੀ ਤਰਜੀਹ ਦੇ ਮੱਦੇਨਜ਼ਰ ਹੋਏ ਹੋ ਰਿਹਾ ਹੈ। ਇਸ ਦੌਰੇ ਦੌਰਾਨ ਦੋਵੇਂ ਵਿਦੇਸ਼ ਸਕੱਤਰ ਭਾਰਤ ਅਤੇ ਨੇਪਾਲ ਦਰਮਿਆਨ ਸਮੁੱਚੇ ਬਹੁਪੱਖੀ ਸਹਿਯੋਗ 'ਤੇ ਚਰਚਾ ਕਰਨਗੇ।

3. ਭਾਰਤ ਦੇ ਨੇਪਾਲ ਨਾਲ ਇਤਿਹਾਸਕ ਅਤੇ ਸੱਭਿਅਤਾ ਤੇ ਆਧਾਰਿਤ ਸਬੰਧ ਹਨ ਅਤੇ ਭਾਰਤ ਦੀ ਸਹਾਇਤਾ ਨਾਲ ਕਈ ਵੱਡੇ ਬੁਨਿਆਦੀ ਢਾਂਚੇ ਅਤੇ ਸਰਹੱਦ ਪਾਰ ਸੰਪਰਕ ਪ੍ਰੋਜੈਕਟਾਂ ਨਾਲ ਹਾਲੀਆ ਸਮੇਂ 'ਚ ਦੋ-ਪੱਖੀ ਸਹਿਯੋਗ ਮਜ਼ਬੂਤ ਹੋਇਆ ਹੈ। ਇਸ ਦੌਰੇ ਸਦਕਾ ਸਾਡੇ ਦੁਵੱਲੇ ਸਬੰਧਾਂ ਨੂੰ ਹੋਰ ਅੱਗੇ ਵਧਾਉਣ ਦਾ ਮੌਕਾ ਮਿਲੇਗਾ।

DISCLAIMER: This is an approximate translation. The original is available in English on MEA's website and may be referred to as the official press release.